**THE PUNJAB STATE BOARD OF TECHNICAL EDUCATION AND INDUSTRIAL TRAINING**

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:ਪੀ.ਐਸ.ਬੀ./ਆਈ.ਟੀ./2017/1840 ਅਤਿ ਜਰੂਰੀ/ਸਮਾਂਬੱਧ ਮਿਤੀ: 18/7/17

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ਆਈ.ਟੀ.ਸੀ. (ਇ:),
ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਸੰਸਥਾਵਾਂ,
ਪੰਜਾਬ ਰਾਜ ਅਧੀਨ।

**ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿੱਚ ਅਗਸਤ 2017 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ SCVT (Semester & conventional)/ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਕੋਰਸਾਂ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਏ.ਪੀ.ਐਫ. ਅਤੇ ਪ੍ਰੀਖਿਆ ਫੀਸ ਲੈਣ ਸਬੰਧੀ।**

**ਹਵਾਲਾ:ਬੋਰਡ ਦਫਤਰ ਦਾ ਪੱਤਰ ਨੰ:-ਪੀ.ਐਸ.ਬੀ./ਆਈ.ਟੀ./2017/1250 ਮਿਤੀ:-30-5-2017 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ NCVT (Semester system/ Conventional old pattern) ਦੀ ਪ੍ਰੀਖਿਆ ਮਿਤੀ:-10 ਅਗਸਤ 2017 ਨੂੰ ਖਤਮ ਹੋ ਰਹੀ ਹੈ। ਇਸ ਉਪਰੰਤ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ SCVT Semester system (I, II, III, IV), SCVT Conventional old pattern (only for Two/Three years duration trades), Art & Craft/Teacher Training/Punjabi Steno ਅਤੇ Mech. Automative Body repair/ Mech. Automative Paint repair (only for reappear students) ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਪ੍ਰੀਖਿਆ ਅਗਸਤ-2017 ਵਿੱਚ ਲਈ ਜਾਣੀ ਹੈ। ਪ੍ਰੀਖਿਆ ਅਗਸਤ-2017 ਲਈ ਏ.ਪੀ.ਐਫ. ਅਤੇ ਪ੍ਰੀਖਿਆ ਫੀਸ, ਕੰਪਿਊਟਰ ਸ਼ਾਖਾ ਵਲੋਂ ਪ੍ਰੀਖਿਆ ਜੁਲਾਈ-2016 ਦੌਰਾਨ ਤਿਆਰ ਕੀਤੇ ਗਏ procedure ਅਨੁਸਾਰ ਹੀ ਲਈ ਜਾਣੀ ਹੈ।

ਬੋਰਡ ਦਫਤਰ ਦੀ ਕੰਪਿਊਟਰ ਸ਼ਾਖਾ ਵਲੋਂ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ **SCVT (Semester system & Conventional old pattern)/** ਆਰਟ ਐਂਡ ਕਰਾਫਟ / ਟੀਚਰ ਟਰੇਨਿੰਗ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਏ.ਪੀ.ਐਫ. ਡੀਟੇਲ ਐਕਸਲ ਫਾਇਲ ਵਿੱਚ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀ ਜਾਵੇਗੀ ਅਤੇ ਨਾਲ ਹੀ ਉਪਰੋਕਤ ਦਰਸਾਈ ਹਰ ਸਕੀਮ ਦੀ ਅੱਲਗ ਅੱਲਗ ਫੀਸ ਦਾ Summary performa ਵੀ ਬੋਰਡ ਦੀ ਵੈਬਸਾਇਟ www.punjabteched.com , www.punjabteched.net ਉਤੇ ਅਪਲੋਡ ਕੀਤਾ ਜਾਵੇਗਾ। ਜਿਸ ਅਨੁਸਾਰ ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਆਪਣੀ ਸੰਸਥਾ ਨਾਲ ਸਬੰਧਤ Excel ਫਾਇਲਾਂ ਡਾਊਨਲੋਡ ਕਰਕੇ ਇਹਨਾਂ ਫਾਇਲਾਂ ਉੱਤੇ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਯੋਗ (ਜੋ ਕਿ

ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ, ਡੀ.ਟੀ.ਈ ਅਤੇ ਆਈ.ਟੀ. ਪੰਜਾਬ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਪ੍ਰੀਖਿਆ ਵਿੱਚ ਬੈਠਣ ਲਈ eligibile ਹੋਵੇ) ਸਿਖਿਆਰਥੀਆਂ ਨੂੰ **ਮਿਤੀ:-21 ਜੁਲਾਈ-2017** ਤੱਕ ਟਿੱਕ ਕਰੇਗੀ।

ਇਸ ਤੋਂ ਬਾਅਦ ਸੰਸਥਾਵਾਂ ਵੱਲੋਂ ਉਪਰੋਕਤ ਟਿੱਕ ਕੀਤੇ ਵਿਦਿਆਰਥੀਆਂ ਦੀ ਇਕੱਠੀ ਕੀਤੀ ਗਈ ਫੀਸ, ਫੀਸ ਸਮੱਰੀ ਪ੍ਰਫਾਰਮੇ ਵਿੱਚ ਭਰ ਕੇ ਬੋਰਡ ਦਫਤਰ ਦੇ ਹੇਠ ਲਿਖੇ ਬੈਂਕ ਵਿੱਚ RTGS/NEFT ਜਾਂ ਬੈਂਕ ਦੁਆਰਾ ਨਿਰਧਾਰਤ ਕਿਸੇ ਵੀ online mode ਰਾਹੀਂ transfer ਕਰ ਸਕਦੀ ਹੈ:-

| Name of Bank & Address | Beneficiary | Beneficiary address | Bank Account No. | IFSC Code |
|---|---|---|---|---|
| **ICICI bank, Sector- 35 C, Chandigarh** | Secretary, Punjab State Board of Technical Education and Industrial Training | Plot No.1, Sector-36-A, Chandigarh | 632201019325 | ICIC0006322 |

ਇਸ ਤੋਂ ਇਲਾਵਾ ਸੰਸਥਾਵਾਂ **ਪੰਜਾਬ ਨੈਸ਼ਨਲ ਬੈਂਕ (Punjab National Bank)ਵਿੱਚ offline mode ਰਾਹੀਂ Punjab State Board of Technical Education and Industrial Training** ਦੇ ਖਾਤੇ ਵਿੱਚ ਵੀ ਇੱਕਠੀ ਕੀਤੀ ਗਈ ਫੀਸ ਬੋਰਡ ਦਫਤਰ ਵੱਲੋਂ ਨਿਰਧਾਰਿਤ ਪ੍ਰੋਫਾਰਮੇ ਤੇ ਭਰ ਕੇ ਜਮ੍ਹਾਂ ਕਰਵਾ ਸਕਦੀ ਹੈ।

**ਇਸ ਉਪਰੰਤ ਮੁਕੰਮਲ ਐਕਸਲ ਫਾਇਲ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਕਾਪੀ ਅਤੇ ਫੀਸ ਸਮੱਰੀ ਪ੍ਰਫਾਰਮੇ ਦੀ ਕਾਪੀ ਪ੍ਰਿੰਸੀਪਲ ਵੱਲੋਂ ਤਸਦੀਕ ਕਰਨ ਉਪਰੰਤ ਸਕੈਨ ਕਰਕੇ ਬੋਰਡ ਦਫਤਰ ਨੂੰ ਈ-ਮੇਲ ਐਡਰੇਸ <u>reconciliation.fees@gmail.com</u> ਅਤੇ <u>cfa1919@gmail.com</u> ਤੇ ਮਿਤੀ:-25 ਜੁਲਾਈ 2017 ਤੱਕ ਭੇਜੀ ਜਾਵੇਗੀ।**

| ਉਪਰੋਕਤ ਦਰਸਾਏ ਕਿਸੇ ਵੀ ਬੈਂਕ ਵਿੱਚ ਫੀਸ ਜਮਾਂ ਕਰਵਾਉਣ ਦੀ ਨਿਰਧਾਰਿਤ ਮਿਤੀ | ਪ੍ਰੀਖਿਆ ਫੀਸ | ਲੇਟ ਫੀਸ ਨਾਲ ਮਿਤੀ |
|---|---|---|
| 24-07-2017 ਤੋਂ 25-7-2017 ਤੱਕ | 1 For Semester System (SCVT):- Rs.450/-(400+50) per sem. per candidate<br>5. For SCVT Conventional Old Pattern:Rs. 450/- (400+50) per candidate per exam (Only for reappear students and Punjabi Steno trade)<br>2. Teacher Training:- Rs. 450/-(400+50) per candidate per exam.<br>3 For Art & Craft candidates Rs.500/- (450+50) per candidate per exam. | ਨਿਰਧਾਰਿਤ ਫੀਸ + 1000/- ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਪ੍ਰੀਖਿਆ/ਪ੍ਰਤੀ ਸਮੈਸਟਰ (ਮਿਤੀ:-7/08/2017 ਤੱਕ) |

ਸਮੂਹ ਸੰਸਥਾਵਾਂ ਵਲੋਂ ਪ੍ਰੈਕਟੀਕਲ ਫੀਸ 50/- ਰੁਪਏ ਪ੍ਰਤੀ ਸਿਖਿਆਰਥੀ/ਪ੍ਰਤੀ ਸਮੈਸਟਰ ਆਪਣੇ ਪੱਧਰ ਤੇ ਇਕੱਠੀ ਕਰ ਲਈ ਜਾਵੇ। ਇਹ ਰਕਮ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟੀਰੀਅਲ

ਆਦਿ ਖਰੀਦਣ ਲਈ ਵਰਤੀ ਜਾਵੇਗੀ। ਸਮੂਹ ਸੰਸਥਾਵਾਂ ਸਿਖਿਆਰਥੀਆਂ ਦੇ ਏ.ਪੀ.ਐਫ. ਫਾਰਮ (ਪ੍ਰੀਖਿਆ ਫਾਰਮ) ਭਰ ਕੇ ਆਪਣੇ ਰਿਕਾਰਡ ਵਿੱਚ ਰੱਖੇਗੀ।

ਉਪਰੋਕਤ ਤੋਂ ਇਲਾਵਾ ਜੇਕਰ ਕਿਸੇ ਸੰਸਥਾ ਵਲੋਂ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਰਜਿਸਟਰੇਸ਼ਨ ਸਬੰਧੀ ਕੋਈ ਵੀ ਸੋਧ ਕੀਤੀ ਜਾਣੀ ਹੈ ਤਾਂ ਸੰਸਥਾ ਲੋੜੀਂਦੇ ਦਸਤਾਵੇਜਾਂ ਨਾਲ (ਡੀ.ਟੀ.ਈ. ਅਤੇ ਆਈ.ਟੀ. ਪੰਜਾਬ ਜੀ ਵਲੋਂ ਦਿੱਤੀ ਗਈ ਪ੍ਰਵਾਨਗੀ ਦੀ ਕਾਪੀ) ਆਪਣੇ ਜਿਲ੍ਹੇ ਦੇ ਸਬੰਧਤ ਡੀਲਿੰਗ ਅਸਿਸਟੈਂਟ ਨਾਲ ਤੁਰੰਤ (ਮਿਤੀ:-21-7-2017 ਤੱਕ) ਨਿਪਟਾਰੇ ਹਿਤ ਸੰਪਰਕ ਕਰੇਗੀ।

ਨੱਥੀ:-ਉਪਰੋਕਤ ਅਨੁਸਾਰ

18.7.17

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)

ਵਾਸਤੇ ਸਕੱਤਰ

**PSBTE & IT**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਲਈ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਮਾਨਯੋਗ ਸਕੱਤਰ ਸਾਹਿਬ
2. ਸੀਸਟਮ ਐਡਮਨ.
3. ਐਡਮਿਨ ਅਫਸਰ
4. ਵਿੱਤ ਅਤੇ ਲੇਖਾ ਸ਼ਾਖਾ

Sd

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)

ਵਾਸਤੇ ਸਕੱਤਰ

**PSBTE & IT**